**ਮਜ਼ਦੂਰ ਜਥੇਬੰਦੀਆਂ ਨੂੰ ਕਿਸਾਨੀ ਸੰਘਰਸ਼ ਦੀ ਇੱਕਜੁੱਟਤਾ ਨਾਲ ਹਮਾਇਤ ਦਾ ਸੱਦਾ**

ਤਿੰਨ ਕਿਸਾਨ ਵਿਰੋਧੀ ਕਾਨੂੰਨ ਵਾਪਿਸ ਲਵੋ

ਕਿਸਾਨਾਂ ਅਤੇ ਮਜ਼ਦੂਰਾਂ ਉੱਪਰ ਕੰਪਨੀ ਰਾਜ ਦਾ ਵਿਰੋਧ ਕਰੋ

ਮਜ਼ਦੂਰ ਕਿਸਾਨ ਏਕਤਾ ਜ਼ਿੰਦਾਬਾਦ !

ਅਸੀਂ ਮਜ਼ਦੂਰ ਜਥੇਬੰਦੀਆ ਦੇ ਪ੍ਰਤੀਨਿੱਧੀ ਕਿਸਾਨਾਂ ਦੇ ਇਤਿਹਾਸਿਕ ਸੰਘਰਸ਼ ਨਾਲ ਇੱਕਜੁੱਟਤਾ ਪ੍ਰਗਟਾਉਂਦੇ ਹੋਏ ਉਨ੍ਹਾਂ ਦੀਆਂ ਮੰਗਾਂ ਨੂੰ ਆਪਣਾ ਪੂਰਣ ਸਮੱਰਥਨ ਦਿੰਦੇ ਹਾਂ। ਅਸੀਂ ਸਰਕਾਰ ਨੂੰ ਉਨ੍ਹਾਂ ਦੀਆਂ ਮੰਗਾਂ ਨੂੰ ਮੰਨਣ ਦੀ ਅਪੀਲ ਕਰਦੇ ਹਾਂ।

ਕਿਸਾਨਾਂ ਦੀ ਅਭੂਤਪੂਰਵ ਏਕਤਾ, ਦ੍ਰਿੜਤਾ ਅਤੇ ਸੰਘਰਸ਼ ਦੀ ਅਕ੍ਰਮਿਕਤਾ ਨੇ ਪੂਰੇ ਦੇਸ਼ ਅੰਦਰ ਸਾਰਿਆਂ ਵਰਗਾਂ ਦੇ ਲੋਕਾਂ ਨੂੰ ਬਹੁਤ ਹੀ ਜਿਆਦਾ ਪ੍ਰਭਾਵਿਤ ਕੀਤਾ ਹੈ । ਸੱਤਾਧਾਰੀ ਪਾਰਟੀ ਦੇ ਕੁਝ ਲੋਕਾਂ ਵਲੋਂ ਅੰਨਦਾਤਾ ਨੂੰ ਦੇਸ਼ ਧ੍ਰੋਹੀ, ਅੱਤਵਾਦੀ ਆਦਿ ਗਰਦਾਨਣ ਦੀ ਕੋਸ਼ਿਸ਼ ਕੀਤੀ ਗਈ ਪਰ ਇਹ ਕੂੜ ਪ੍ਰਚਾਰ ਉਹਨਾਂ ਆਪਣੇ ਕੁਝ ਸਮੱਰਥਕਾਂ ਤੀਕ ਹੀ ਸੀਮਿਤ ਰਿਹਾ । ਜਦ ਦੇਸ਼ ਦਾ ਅੰਨਦਾਤਾ ਵੱਡੀ ਸੰਖਿਆ ਵਿੱਚ ਸੜਕਾਂ ਉੱਪਰ ਹੈ ਤਾਂ ਲੋਕਾਂ ਨੂੰ ਉਨ੍ਹਾਂ ਦੀਆਂ ਗੱਲਾਂ ਸੁਣਨੀਆਂ ਹੀ ਪਈਆਂ ਅਤੇ ਉਨ੍ਹਾਂ ਦੀਆਂ ਜਾਇਜ਼ ਮੰਗਾਂ ਨੂੰ ਸਮੱਰਥਨ ਦੇਣਾ ਪਿਆ।

ਜੂਨ 5, 2020 ਨੂੰ ਕੋਵਿਡ-19 ਮਹਾਂਮਾਰੀ ਦੇ ਪ੍ਰਸਾਰ ਦੇ ਵਿੱਚ ਭਾਰਤ ਸਰਕਾਰ ਨੇ ਜਲਦਬਾਜੀ ਚ ਤਿੰਨ ਅਧਿਆਦੇਸ਼ ਪਾਸ ਕਰ ਦਿੱਤੇ ਜੋ ਕਿ ਕਿਸਾਨ ਉਤਪਾਦਨ ਵਪਾਰ ਅਤੇ ਵਣਜ (ਤਰੱਕੀ ਅਤੇ ਸੁਵਿਧਾ) ਐਕਟ 2020; ਕਿਸਾਨ (ਸਸ਼ਕਤੀਕਰਣ ਅਤੇ ਸਰੰਖਣ) ਕੀਮਤ ਦਾ ਭਰੋਸਾ ਅਤੇ ਖੇਤੀ ਸੇਵਾ ਐਕਟ 2020; ਅਤੇ ਜਰੂਰੀ ਵਸਤਾਂ (ਸੋਧ) ਐਕਟ 2020. ਸਤੰਬਰ 2020 ਵਿੱਚ ਸੰਸਦ ਅੰਦਰ ਜਰੂਰੀ ਬਹਿਸ ਤੋਂ ਬਿਨਾਂ, ਕਿਸਾਨਾਂ ਦੇ ਆਗੂਆਂ ਨਾਲ ਗੱਲ ਕੀਤੇ ਬਿਨਾਂ ਅਤੇ ਇਸਦੇ ਉਨ੍ਹਾਂ ਦੇ ਜੀਵਨ ਉੱਪਰ ਸੰਭਾਵਿਤ ਨਤੀਜਿਆਂ ਨੂੰ ਜਾਣੇ ਬਿਨਾਂ ਹੀ ਇਹਨਾਂ ਆਰਡੀਨੈੱਸ ਨੂੰ ਕਾਨੂੰਨ ਬਣਾ ਦਿੱਤਾ ਗਿਆ। ਇਹ ਕਾਨੂੰਨ ਅਤੇ ਸਰਕਾਰ ਦੀ ਪੂਰੀ ਖੇਤ ਪਾਲਿਸੀ ਖੇਤੀ ਦੇ ਸਾਰੇ ਪੱਖਾਂ ਨੂੰ ਕਾਰਪੋਰੇਟ ਦੇ ਨਿਯੰਤਰਣ ਅੰਦਰ ਲਿਆਉਣ ਦੀ ਹੀ ਕੋਸ਼ਿਸ਼ ਹੈ, ਖਾਸਤੌਰ ਉੱਪਰ ਵੱਡੇ ਕਾਰਪੋਰੇਟ ਘਰਾਣਿਆਂ ਨੂੰ ਖੇਤ ਉਤਪਾਦ ਘੱਟ ਕੀਮਤਾਂ ਉੱਪਰ ਖਰੀਦਣ ਦੀ ਖੁੱਲ ਦੇਣਾ। ਕਿਸਾਨ ਇਨ੍ਹਾਂ ਬਿਨਾਂ ਸ਼ਰਤ ਇਨ੍ਹਾਂ

ਤਿੰਨਾਂ ਬਿੱਲਾਂ ਦੀ ਵਾਪਸੀ ਦੀ ਮੰਗ ਕਰ ਰਹੇ ਹਨ। ਸਰਕਾਰ ਕਿਸਾਨਾਂ ਦੀਆਂ ਮੰਗਾਂ ਦੀ ਲੜਾਈ ਦੀ ਸਾਰ ਲੈਣ ਦੀ ਬਜਾਏ ਇੱਛਾ ਸ਼ਕਤੀ ਦੀ ਲੜਾਈ ਵਿੱਚ ਸ਼ਾਮਿਲ ਹੋਣਾ ਪਸੰਦ ਕਰਦੀ ਹੈ। ਦੂਜੇ ਪਾਸੇ ਉਹ ਕਿਸਾਨਾਂ ਖਿਲਾਫ ਪ੍ਰਚਾਰ ਦੀ ਜੰਗ ਵਿੱਢੀ ਬੈਠੇ ਹਨ।

ਇਹ ਸੰਘਰਸ਼ ਹੁਣ ਹੋਰ ਵੀ ਸ਼ਕਤੀਸ਼ਾਲੀ ਹੋ ਗਿਆ ਹੈ, ਇਸਨੇ ਸਮਾਜ ਦੇ ਹਰ ਹਿੱਸੇ ਨੂੰ ਪ੍ਰੇਰਿਤ ਕੀਤਾ ਅਤੇ ਹਰੇਕ ਆਤਮਾ ਨੂੰ ਜਗਾਇਆ ਹੈ। ਵੱਡੀ ਸੰਖਿਆ ਵਿੱਚ ਦਰਮਿਆਨੇ ਕਿਸਾਨ ਵੀ ਗੈਰ ਰਸਮੀ ਕਾਮੇ ਹੀ ਹਨ। ਪੇਂਡੂ ਗਰੀਬ ਆਪਣੇ ਪਿੱਛੇ ਪਰਿਵਾਰਾਂ ਦੀ ਮੱਦਦ ਕਰਨ ਲਈ ਘਰਾਂ ਤੋਂ ਦੂਰ ਮੰਜ਼ਿਲਾਂ ਤੈਅ ਕਰਦੇ ਹਨ। ਅਸੀਂ ਬਹੁਤ ਹੀ ਵੱਡੀ ਸੰਖਿਆ ਵਿੱਚ ਲੋਕਾਂ ਦੀ ਸ਼ਮਹੂਲੀਅਤ ਦੇਖੀ ਜਦੋਂ ਹਜਾਰਾਂ ਪ੍ਰਵਾਸੀ ਮਜ਼ਦੂਰਾਂ ਨੇ ਹਾਈਵੇਅ ਦਾ ਰਾਹ ਫੜਿਆ, ਘਰਾਂ ਨੂੰ ਪਰਤਣ ਲਈ ਸੈਂਕੜੇ ਮੀਲ ਤੁਰੇ ਜਦੋਂ ਉਹ ਬਿਨਾਂ ਆਮਦਨੀ ਅਤੇ ਆਸਰੇ ਤੋਂ ਕੋਵਿਡ ਦੌਰਾਨ ਲਾਕਡਾਊਨ ਚ ਫਸ ਗਏ ਸਨ। ਗੈਰ ਰਸਮੀ ਖੇਤਰ ਦੇ ਬਹੁਤੇ ਮਜ਼ਦੂਰ ਵੀ ਡੂੰਘੇ ਖੇਤੀ ਸੰਕਟ ਦਾ ਸ਼ਿਕਾਰ ਹੋਏ। ਨੌਕਰੀਆਂ ਜਾਂ ਜ਼ਮੀਨ ਅਤੇ ਵਧੀਆ ਰੋਜ਼ੀ ਰੋਟੀ ਤੋਂ ਬਿਨਾਂ ਗਰੀਬ ਪੇਂਡੂ ਕੰਮ ਅਤੇ ਆਮਦਨ ਦੀ ਭਾਲ ਚ ਆਪਣੇ ਘਰ ਛੱਡਣ ਲਈ ਮਜਬੂਰ ਹਨ। ਜਿਨ੍ਹਾਂ ਸ਼ਹਿਰਾਂ ਵਿੱਚ ਉਹ ਜਾਂਦੇ ਹਨ ਉੱਥੇ ਉਹ ਸਿਰਫ਼ ਨਿਊਨਤਮ ਉਜਰਤ ਹੀ ਕਮਾਉਂਦੇ ਹਨ, ਉਨ੍ਹਾਂ ਦੀ ਰੁਜ਼ਗਾਰ ਦੀ ਕੋਈ ਸੁਰੱਖਿਆ ਨਹੀਂ ਹੈ ਅਤੇ ਉਹ ਕਿਰਤ ਕਾਨੂੰਨਾਂ ਦੀ ਸੁਰੱਖਿਆ ਤੋਂ ਵੀ ਵਾਂਝੇ ਹਨ।

ਖੇਤੀ ਸੰਕਟ ਅਤੇ ਕਿਸਾਨਾਂ ਦੀ ਹੋਂਦ ਦਾ ਸੰਘਰਸ਼ ਵੀ ਹੁਣ ਸਾਡੀ ਲੜਾਈ ਹੈ !!! ਕਿਰਤੀਆਂ ਅਤੇ ਕਿਸਾਨਾਂ ਨੂੰ ਹੁਣ ਇਕੱਠੇ ਖੜ੍ਹੇ ਹੋਣਾ ਚਾਹੀਦਾ ਹੈ !!!

ਸਰਕਾਰ ਨੇ ਹਾਲ ਹੀ ਵਿੱਚ ਲੇਬਰ ਕਾਨੂੰਨਾਂ ਨੂੰ ਸੁਧਾਰਨ ਲਈ ਚਾਰ ਲੇਬਰ ਕੋਡ ਪਾਸ ਕੀਤੇ ਹਨ। ਇਨ੍ਹਾਂ ਸੁਧਾਰਾਂ ਦੇ ਮੁੱਖ ਵਾਅਦਿਆਂ ਚ 400 ਮਿਲੀਅਨ ਤੋਂ ਵੱਧ ਗੈਰ ਰਸਮੀ ਕਾਮਿਆਂ ਨੂੰ ਸ਼ਾਮਿਲ ਕਰਨਾ ਸੀ ਜਿਨ੍ਹਾਂ ਨੂੰ ਅੱਜ ਤੀਕ ਸਰਕਾਰਾਂ ਦੁਆਰਾ ਅਣਦੇਖਿਆ ਕੀਤਾ ਗਿਆ ਸੀ। ਭਾਵੇਂ ਕਿ ਗੈਰ ਰਸਮੀ ਕਾਮਿਆਂ ਨੂੰ ਉਮੀਦਾਂ ਦਿੱਤੀਆਂ ਗਈਆਂ ਸਨ ਪਰ ਉਹ ਛੇਤੀ ਹੀ ਸਮਝ ਗਏ ਕਿ ਉਨ੍ਹਾਂ ਨੂੰ ਭਰਮ ਦੀ ਆੜ ਚ ਫਿਰ ਦੁਬਾਰਾ 'ਮੰਡੀ' ਦੀ ਰਹਿਮਤ 'ਤੇ ਛੱਡ ਦਿੱਤਾ ਗਿਆ ਹੈ। ਖੇਤੀ ਕਾਨੂੰਨਾਂ ਦੇ ਬਿੱਲ ਵੱਡੇ ਪੱਧਰ 'ਤੇ ਖੇਤ ਅਤੇ ਲੇਬਰ ਮਾਰਕੀਟ ਉੱਪਰ ਕਾਰਪੋਰੇਸ਼ਨਾਂ ਦਾ ਵਧੇਰੇ ਨਿਯੰਤਰਣ ਲਿਆਉਂਦੇ ਹਨ। ਕਿਸਾਨਾਂ ਅਤੇ ਮਜ਼ਦੂਰਾਂ ਦੀ ਜਿੰਦਗੀ ਉੱਪਰ ਅਜਿਹਾ ਨਿਯੰਤਰਣ ਬਹੁਤ ਦੂਰ, ਵਸਤਾਂ ਦੀਆਂ ਕੀਮਤਾਂ, ਵਿੱਤੀ ਢਾਂਚੇ, ਤਨਖਾਹ, ਜਨਤਕ ਸਿਹਤ ਅਤੇ ਵਾਤਾਵਰਣ ਤੀਕ ਆਪਣਾ ਪ੍ਰਭਾਵ ਪਏਗਾ। ਕਿਸਾਨ ਅਤੇ ਮਜ਼ਦੂਰ ਦੋਨੋਂ ਹੀ ਉਤਪਾਦਕ ਅਤੇ ਉਪਭੋਗਤਾ ਹਨ। ਅਜਿਹਾ

ਨਿਯੰਤਰਣ ਕੁਝ ਕਾਰਪੋਰੇਸ਼ਨਾਂ ਦੇ ਹੱਥਾਂ ਚ ਤਤਕਾਲੀ ਸ਼ਕਤੀਆਂ ਪ੍ਰਦਾਨ ਕਰੇਗਾ ਅਤੇ ਬਹੁਗਿਣਤੀ ਮਜ਼ਦੂਰ ਅਤੇ ਕਿਸਾਨ ਅਜਿਹੀਆਂ ਪ੍ਰੇਸ਼ਾਨੀਆਂ ਚ ਛੱਡ ਦੇਵੇਗਾ ਜਿਸਦਾ ਕਿਆਸ ਵੀ ਨਹੀਂ ਕੀਤਾ ਜਾ ਸਕਦਾ।

ਇਸ ਇਤਿਹਾਸਿਕ ਮੋੜ 'ਤੇ ਅਸੀਂ ਕਾਮਿਆਂ ਦੀਆਂ ਸਾਰੀਆਂ, ਗੈਰ ਰਸਮੀ ਸੈਕਟਰ ਜਾਂ ਰਸਮੀ ਸੈਕਟਰ ਦੀਆਂ ਸੰਸਥਾਵਾਂ ਨੂੰ "ਆਲ ਇੰਡੀਆ ਵਰਕਰਜ਼ ਸੰਘਰਸ਼ ਕੋਆਰਡੀਨੇਸ਼ਨ ਗਰੁੱਪ" (AIWSCG) ਵਿੱਚ ਸ਼ਾਮਿਲ ਹੋਣ , ਕਿਸਾਨਾਂ ਦੇ ਸੰਘਰਸ਼ ਚ ਸ਼ਾਮਿਲ ਹੋਣ , ਕਿਸਾਨਾਂ ਦੀ ਤਿੰਨੋ ਕਾਨੂੰਨਾਂ ਨੂੰ ਵਾਪਿਸ ਲੈਣ ਦੀ ਮੰਗ ਦਾ ਸਮੱਰਥਣ ਕਰਨ ਦਾ ਸੱਦਾ ਦਿੰਦੇ ਹਾਂ।

ਅਸੀਂ ਆਲ ਇੰਡੀਆ ਵਰਕਰਜ਼ ਸੰਘਰਸ਼ ਕੋਆਰਡੀਨੇਸ਼ਨ ਗਰੁੱਖ (AIWSCG) ਦੇ ਹਿੱਸੇ ਵਜੋਂ ਸਰਬਸੰਮਤੀ ਨਾਲ ਕਿਸਾਨਾਂ ਦੇ ਸੰਘਰਸ਼ ਨਾਲ ਇੱਕਜੁੱਟਤਾ ਪ੍ਰਗਟਾਉਂਦੇ ਹੋਏ ਇਨ੍ਹਾਂ ਤਿੰਨਾਂ ਕਿਸਾਨ ਵਿਰੋਧੀ ਕਾਨੂੰਨਾਂ ਨੂੰ ਰੱਦ ਕਰਨ ਦੀ ਮੰਗ ਕਰਦੇ ਹਾਂ।

ਅਸੀਂ ਅੱਗੇ ਫਿਰ ਇਹ ਮੰਗ ਕਰਦੇ ਹਾਂ ਕਿ ਸ਼ਹਿਰੀ ਅਤੇ ਪੇਂਡੂ ਖੇਤਰ ਵਿੱਚ ਗੈਰ ਰਸਮੀ ਕਾਮਿਆਂ ਦੀ ਘੱਟੋ ਘੱਟ ਉਜਰਤ, ਸਮਾਜਿਕ ਸੁਰੱਖਿਆ ਅਤੇ ਦਿਹਾੜੀ ਦੀ ਸਮੇਂ ਸਿਰ ਅਦਾਇਗੀ ਦੀ ਗਰੰਟੀ ਹੋਣੀ ਚਾਹੀਦੀ ਹੈ।

ਜੈ ਮਜ਼ਦੂਰ ! ਜੈ ਕਿਸਾਨ ! ਮਜ਼ਦੂਰ ਕਿਸਾਨ ਏਕਤਾ ਜਿੰਦਾਬਾਦ !

Names of organisations and networks in alphabetical order :

1. Asangathit Kaamgaar Adhikar Manch (AKAM),
2. Assam Mazdoor Union (AMU)
3. Asangathit Shramik Samajik Suraksha Manch (ASSSM)
4. Aravali Nirman Majdoor Suraksha Sangh (ANMSS)
5. Andhra Pradesh Domestic Workers Federation (APDWF)
6. Confederation of Free Trade Union (CFTUI)
7. Campaign against Camp Coolie System (CACCS)
8. Delhi Shramik Sangathan (DSS)
9. Dihari Mazdoor Sangathan (DMS)
10. GRAKOOS

11.Gruhakarmikula Union Telangana State (GUTS)

12. Hawkers Joint Action Committee (HJAC)

13. Hamal Panchayat

14. Indian Federation of App Based Transport Workers (IFAT)

15. KOOGU

16. Karkhana Shramik Suraksha Sangh (KSSS)

17. Kamgaar Ekta Union (KEU)

18. Lal Jhanda Punjab Bhatta Labour Union (LJPBLU)

19. Maharashtra Nirman Mazdoor Sangathan (MNMS)

20. Maharashtra Rajya Hamal Mapadi Mahamandal (MRHMM)

21. Maharashtra Kashtakari Sangharsh Mahasangh (MKSM)

22. Majoor Adhikar Manch (MAM)

23. Manrega Mazdoor Union (MMU)

24. New Trade Union Initiative (NTUI)

25. National Centre for Labour (NCL)

26. National Hawkers Federation (NHF)

27. National Domestic Workers Movement (NDWM)

28. National Campaign Committee on Central Legislation for Construction Workers (NCC-CCW)

29. National Solidarity Committee of Brick Kiln Workers ( NSCBKW)

30. National Campaign Committee for Eradication of Bonded Labour (NCCEBL)
31. National Workers Movement (NWM)

32. National Association of Street Vendors of India (NASVI)

33. National Campaign Committee for Rural Workers (NCCRW)

34. Patthar Gadhai Shramik Suraksha Sangh (PGSSS)

35. Rajasthan Asangathit Mazdoor Union (RAMU)

36. Rajasthan Mahila Kamgaar Union (RMKU)

37. Sarvahara Jan Andolan (SJA)

38. Shramik Adhikar Manch (SAM)

39. Trade Union Centre of India (TUCI)

40. Integrated Trade Union Federation (ITUF)

41. United Nurses Association (UNA)

Working Peoples' Charter Network (WPC)